ਨਾਸਦੀਯ ਸੂਕਤ (ਪੰਜਾਬੀ ਕਾਵਿ-ਅਨੁਵਾਦ)

ਅਸਤਿ ਨਹੀਂ ਸੀ ਤਦੋਂ, ਨਾ ਹੀ ਸਤਿ ਸੀ,
ਅੰਬਰ ਨਹੀਂ ਸੀ, ਨਾ ਹੀ ਪਾਰ ਫੈਲਿਆ ਮਹਾ-ਆਕਾਸ਼।

ਕੱਜਿਆ ਕੀ ਸੀ ਤੇ ਕਿੱਥੇ? ਕਿਸ ਨੇ ਥੰਮਿਆਂ ਸੀ ਏਸਨੂੰ?
ਤਦੋਂ ਤਾਂ ਅਗਮ ਅਗਾਧ ਜਲ ਵੀ ਕਿੱਥੇ ਸੀ?

ਮੌਤ ਨਹੀਂ ਸੀ ਤਦੋਂ, ਨਾ ਹੀ ਅਮਰ ਜੀਵਨ,
ਦਿਨ ਤੇ ਰਾਤ ਨੂੰ ਵੱਖ ਕਰਨ ਦਾ ਸੰਕੇਤ ਨਹੀਂ ਸੀ ਕੋਈ।

ਪਰ, ਸੁਆਸ ਵਿਹੂਣਾ, ਆਪਣੇ ਆਪ ਤੇ ਨਿਰਭਰ,
ਕੇਵਲ ਇਕ ਸੀ ਤਦੋਂ,
ਉਸ ਤੋਂ ਸਿਵਾ ਕੋਈ ਦੂਸਰਾ ਨਹੀਂ ਸੀ।

ਹਨੇਰਾ ਸੀ ਤਦੋਂ, ਹਨੇਰੇ ਨਾਲ ਕੱਜਿਆ, ਧੁੰਧੂਕਾਰ ਸੀ ਚਾਰ-ਚੁਫੇਰੇ।
ਹੈ ਸੀ ਤਾਂ ਬਸ ਨਿਰਾਕਾਰ ਸੁੰਨ,
ਤਪਸ਼ ਦੀ ਮਹਾ ਊਰਜਾ ਤੋਂ ਉਪਜਿਆ ਪੁੰਜ।

ਫੇਰ ਪਹਿਲੋਂ ਪਹਿਲ, ਕਾਮਨਾ ਦਾ ਹੋਇਆ ਉਭਾਰ,
ਮਨ ਦਾ ਆਦਿ-ਜੁਗਾਦੀ ਬੀਜ।
ਅੰਤਰ ਦੀ ਸੂਝ ਵਾਲੇ ਮੁਨੀਜਨਾਂ, ਜਾਣ ਲਿਆ ਸੀ ਭਲੀ ਭਾਂਤ,
ਰਿਸ਼ਤਾ ਕੀ ਹੈ, ਹੋਂਦ ਦਾ ਅਣਹੋਂਦ ਨਾਲ।

ਫੈਲਾ ਦਿੱਤਾ ਉਨ੍ਹਾਂ ਸੂਤਰ ਨੂੰ, ਮਹਾ ਸੁੰਨ ਦੇ ਆਰ ਪਾਰ,
ਉੱਪਰ-ਵਾਰ ਤੇ ਹੇਠਾਂ ਵੀ।
ਧਾਰਣੀ ਮਹਾ ਸ਼ਕਤੀਆਂ ਤਤਪਰ ਸਨ ਓਥੇ,
ਹੇਠਾਂ ਸੀ ਸੱਤਿਆ, ਉੱਪਰ ਅਸੀਮ ਊਰਜਾ।

ਜਾਣਦਾ ਹੈ ਕੌਣ ਅਸਲ ਵਿਚ,
ਤੇ ਆਖ ਸਕਦਾ ਹੈ ਕੌਣ?
ਕਿੱਥੋਂ ਨਿੰਮਿਆ, ਕਿਵੇਂ ਉਪਜਿਆ ਇਹ ਸੰਸਾਰ?
ਦੇਵਤੇ ਤਾਂ ਸ੍ਰਿਸ਼ਟੀ ਤੋਂ ਮਗਰੋਂ ਹੋਏ ਵਿੱਦਮਾਨ।

ਕੌਣ ਜਾਣਦਾ ਹੈ, ਰਚੀ ਗਈ ਕਦੋਂ ਇਹ ਰਚਨਾ?
ਕੌਣ ਹੈ ਸ੍ਰਿਸ਼ਟੀ ਦਾ ਕਰਤਾ? ਕਰਤਾ ਜਾਂ ਅਕਰਤਾ?
ਅੰਤਰਯਾਮੀ ਕੌਣ ਹੈ, ਉੱਚੇ ਅੰਬਰਾਂ ਵਾਲੀ ਇਸ ਧਰਤ ਦਾ?

ਓਹੀ ਜਾਣਦਾ ਹੈ, ਜੋ ਹੈ ਸੁਆਮੀ ਏਸਦਾ;
ਜਾਂ ਫੇਰ ਸ਼ਾਇਦ ਉਹ ਵੀ ਨਹੀਂ ਜਾਣਦਾ।
ਰਿਗਵੇਦ 129.10 (ਕਾਵਿ-ਅਨੁਵਾਦ: ਜਗਬੀਰ ਸਿੰਘ)